Roll No. | | | | | | | |

Series SHC **Code No. 223**

- Please check that this question paper contains 3 printed pages.
- Code number given on the right hand side of the question paper should be written on the title page of the answer-book by the candidate.
- Please check that this question paper contains 29 questions.
- Please write down the serial number of the question before attempting it.

SOCIOLOGY

(Punjabi Version)

ਸਮਾਜਸ਼ਾਸਤ੍ਰ

(ਪੰਜਾਬੀ ਉਲਥਾ)

Time allowed : 3 hours *Maximum Marks : 100*

ਸਮਾਂ ਸੀਮਾਂ : 3 ਘੰਟੇ *ਪੂਰਣ ਅੰਕ : 100*

ਵਿਆਪਕ ਨਿਰਦੇਸ਼ :

(i) *ਇਸ ਪ੍ਰਸ਼ਨ ਪਤ੍ਰ ਵਿਚ ਕੁਲ 29 ਪ੍ਰਸ਼ਨ ਹਨ ।*

(ii) ***ਸਾਰੇ*** *ਪ੍ਰਸ਼ਨ ਜ਼ਰੂਰੀ ਕਰਨੇ ਹਨ ।*

(iii) *ਪ੍ਰਸ਼ਨ ਸੰਖਿਆ 1-14 ਤਕ* ***ਦੋ-ਦੋ*** *ਅੰਕ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਲਗਭਗ 30 ਸ਼ਬਦਾਂ ਵਿਚ ਦਿਉ ।*

(iv) *ਪ੍ਰਸ਼ਨ ਸੰਖਿਆ 15-26 ਤਕ* ***ਚਾਰ-ਚਾਰ*** *ਅੰਕ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਲਗਭਗ 75-80 ਸ਼ਬਦਾਂ ਵਿਚ ਦਿਉ ।*

(v) *ਪ੍ਰਸ਼ਨ ਸੰਖਿਆ 27-29 ਤਕ* ***ਅੱਠ-ਅੱਠ*** *ਅੰਕ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਲਗਭਗ 200 ਸ਼ਬਦਾਂ ਵਿਚ ਦਿਉ ।*

(vi) *ਉੱਤਰ ਸਪਸ਼ਟ ਅਤੇ ਪ੍ਰਸ਼ਨ ਦੇ ਅਨੁਕੂਲ ਹੋਣ ।*

1. ਇਕ ਦੇਹਾਤ (ਪਿੰਡ) ਕੀ ਹੈ ? 2

2. ਸਮਾਜਕ ਪਰਿਵਰਤਨ ਦੀ ਪਰਿਭਾਸ਼ਾ ਲਿੱਖੋ । 2

3. ਤਕਸ਼ਿਲਾ (Taxila) ਕਿਸ ਲਈ ਜਾਣਿਆ ਜਾਂਦਾ ਸੀ ? 2

4. ਸੰਸਕ੍ਰਿਤੀਕਰਣ ਦੀ ਪਰਿਭਾਸ਼ਾ ਲਿੱਖੋ । 2

5. ਲਿੰਗਿਕ ਭੇਦਭਾਵ ਦੀ ਪਰਿਭਾਸ਼ਾ ਲਿੱਖੋ । 2

6. ਲੋਕਤੰਤਰ ਵਿਚ ਪ੍ਰਬੰਧਕ ਜਾਂ ਪ੍ਰਬੰਧ ਅਧਿਕਾਰੀ ਦਾ ਕੀ ਸਥਾਨ ਹੈ ? 2

7. ਸਮਾਜਕ ਅੰਦੋਲਨ ਦਾ ਕੀ ਅਰਥ ਹੈ ? 2

8. ਇਕ ਗਿਰਸਤ ਜਾਂ ਕੁਟੰਬ ਕੀ ਹੈ ? 2

9. *ਅਨੁਸੂਚਿਤ ਜਨਜਾਤੀਆਂ* (ਕਬੀਲੇ) ਕੀ ਹਨ ? 2

10. 'ਸ਼ਿਸ਼ੂ ਮਿਰਤੂ ਦਰ' ਦਾ ਕੀ ਅਰਥ ਹੈ ? 2

11. ਸਮਾਜਕ ਗਠਬੰਦਨ ਦੀ ਪਰਿਭਾਸ਼ਾ ਲਿਖੋ । 2

12. 'ਕੱਚਾ' ਭੋਜਨ ਕੀ ਹੈ ? 2

13. ਪਿਤਰਵੰਸ਼ੀ ਸਾਕ ਜਾਂ ਰਿਸ਼ਤੇਦਾਰੀ ਕੀ ਹੈ ? 2

14. ਸਮਾਜਕ ਸੰਘਰਸ਼ ਦੀ ਪਰਿਭਾਸ਼ਾ ਲਿੱਖੋ । 2

15. 'ਵਿਧਿ ਅਨੁਕੂਲਤਾ' (legitimacy) ਦੀ ਪਰਿਭਾਸ਼ਾ ਦਿਓ । ਵਖੋ ਵਖ ਪ੍ਰਕਾਰ ਦੀਆਂ ਵਿਧਿ ਅਨੁਕੂਲਤਾਂ ਦੀ ਪਛਾਣ ਕਰੋ । 2+2

16. ਪ੍ਰਾਰਥਨਾ ਵਿਧੀ (liturgy) ਅਤੇ ਬਪਤਿਸਮਾ ਕੀ ਹੈ ? 2+2

17. 'ਧਰਮ' ਦੀ ਪਰਿਭਾਸ਼ਾ ਲਿੱਖੋ । ਭਾਰਤੀ ਧਰਮ ਗ੍ਰੰਥਾਂ ਵਿਚ ਦਰਸਾਏ ਗਏ ਤਿੰਨ ਹੋਰ ਜਿੰਦਗੀ ਦੇ ਉਦੇਸ਼ਾਂ ਦੀ ਪਛਾਣ ਕਰੋ । 2+2

18. ਬੈਰਾਗ ਕੀ ਹੈ ? ਇਹ ਪਾਰੰਪਰਿਕ ਭਾਰਤੀ ਮੂਲਯ ਅਵਸਥਾ (value system) ਨਾਲ ਕਿਸ ਪ੍ਰਕਾਰ ਸੰਬੰਧਿਤ ਹੈ ? 4

19. ਭਾਰਤੀ ਸਮਾਜ ਦਾ ਅਧਿਐਨ ਕਰਨ ਲਈ ਭਾਰਤੀ ਵਿਦਿਅਕ (ਇੰਡੋਲੋਜੀਕਲ) **ਜਾਂ** ਸਾਂਸਕ੍ਰਿਤਕ (ਕਲਚਰਲ) ਦ੍ਰਿਸ਼ਟੀਕੋਣ ਦਾ ਸੰਖੇਪ ਵਰਣਨ ਕਰੋ । 4

20. 'ਇਸਤ੍ਰੀ ਸ਼ਕਤੀ' ਜਾਂ ਇਸਤ੍ਰੀਆਂ ਨੂੰ ਵਿਸ਼ੇਸ ਅਧਿਕਾਰ ਦੇਣ ਤੋਂ ਤੁਸੀਂ ਕੀ ਸਮਝਦੇ ਹੋ ? ਭਾਰਤੀ ਸਮਾਜ ਵਿਚ ਖਾਸਤੋਰ ਤੇ ਇਸ ਦੀ ਕੀ ਲੋੜ ਹੈ ? 2+2

21. ਸਿੱਖ ਧਰਮ ਦੀਆਂ ਅਲੋਕਕ (ਖਾਸ) ਵਿਸ਼ੇਸਤਾਵਾਂ ਦਰਸਾਓ ਜੋ ਕਿ ਇਸਨੂੰ ਹਿੰਦੂ ਧਰਮ ਤੋਂ ਨਿਖੇੜਦੀਆਂ ਹਨ । 4

22. ਇਕ ਨਿਊਕਲੀ ਪ੍ਰੀਵਾਰ (ਮੂਲ ਪਰਿਵਾਰ) ਕੀ ਹੈ ? ਇਸ ਦਾ ਇਕ ਸੰਯੁਕਤ ਪਰਿਵਾਰ (ਜਾਇੰਟ ਫੈਮਿਲੀ) ਤੋਂ ਨਿਖੇੜ ਕਰੋ । 2+2

23. ਜਾਤੀ ਅਤੇ ਕਬੀਲੇ ਵਿਚ ਕੀ ਭਿੰਨਤਾ ਹੈ ? 4

24. ਸ਼ਹਿਰੀ ਹਿੰਸਾ ਦੀਆਂ ਘਟਨਾਵਾਂ ਦਾ ਵਿਚਾਰ ਵਿਵੇਚਨ ਕਰੋ । 4

25. ਲੋਕਤਾਂਤ੍ਰਿਕ ਵਿਕੇਂਦ੍ਰੀਕਰਨ ਅਤੇ ਪੰਚਾਇਤੀ ਰਾਜ ਤੇ ਇਕ ਸੰਖੇਪ ਲੇਖ (ਨੋਟ) ਲਿੱਖੋ । 4

26. ਭਾਰਤ ਵਿਚ ਵਧੇਰੇ ਜਨਸੰਖਿਆ (over-population) ਦੀ ਸਮਸਿਆ ਬਾਰੇ ਵਿਚਾਰ ਵਿਮਰਸ਼ ਕਰੋ । 4

27. ਭਾਰਤ ਦੇ ਸੰਦਰਭ ਵਿਚ ਇਸ ਬਹੁਚਰਚਿਤ ਉਕਤੀ 'ਅਨੇਕਤਾ ਵਿਚ ਏਕਤਾ' ਦੀ ਸਚਾਈ ਜਾਂ ਨਾ ਸਚਾਈ ਬਾਰੇ ਵਿਸ਼ਲੇਸ਼ਣਾਤਮਕ (analytic) ਵਿਚਾਰ ਵਿਵੇਚਨ ਕਰੋ । 8

ਜਾਂ

ਕੀ ਬਹੁਸੰਖਿਅਕ ਅਤੇ ਅਲਪ ਸੰਖਿਅਕ ਜ਼ਰੂਰ ਹੀ ਰਾਸ਼ਟਰੀ ਏਕਤਾ ਤੇ ਕੁਪ੍ਰਭਾਵ ਪਾਂਦੇ ਹਨ ? ਆਪਣੇ ਉੱਤਰ ਦੀ ਪੁਸ਼ਟੀ ਲਈ ਮੋਜੂਦਾ ਭਾਰਤੀ ਸਮਾਜ ਦੇ ਦੌਰ ਤੋਂ ਉਦਾਹਰਣਾਂ ਲਵੋ ।

28. 'ਹਿਤ ਸਮੂਹ' ਦੀ ਧਾਰਨਾ ਦੀ ਵਿਵੇਚਨਾ ਕਰੋ । ਸਮਕਾਲੀਨ ਭਾਰਤ ਤੋਂ ਢੁਕਵੀਆਂ ਉਦਹਾਰਣ ਲੈਂਦੇ ਹੋਏ, ਲੋਕਤਾਂਤਰਿਕ ਰਾਜਪ੍ਰਬੰਧ ਤੇ ਇਨ੍ਹਾਂ ਦੇ ਨਿਖੇਧਾਤਮਕ ਅਤੇ ਸਕਾਰਾਤਮਕ ਯੋਗਦਾਨ ਦੀ ਪੜਤਾਲ ਕਰੋ । 8

ਜਾਂ

ਜਾਤ ਦਾ ਰਾਜਨੀਤੀਕਰਣ ਤੋਂ ਤੁਸੀਂ ਕੀ ਸਮਝਦੇ ਹੋ ? ਆਪਣੇ ਉੱਤਰ ਦੀ ਵਿਆਖਿਆ ਲਈ ਭਾਰਤੀ ਸਮਾਜ ਦੇ ਆਧੁਨਿਕ ਦੌਰ ਤੋਂ ਢੁਕਵੀਆਂ ਉਦਾਹਰਣ ਲਵੋ ।

29. ਪ੍ਰਸਤਾਵਨਾ (Preamble) ਦਾ ਭਾਰਤੀ ਸੰਵਿਧਾਨ ਨਾਲ ਸਮਾਜਿਕ-ਰਾਜਨੀਤਿਕ ਸੰਬੰਧ ਵਿਸ਼ੇ ਤੇ ਇਕ ਲੇਖ ਲਿੱਖੋ । 8

ਜਾਂ

ਮੌਲਿਕ ਅਧਿਕਾਰ ਜਿਵੇਂ ਕਿ ਭਾਰਤੀ ਸੰਵਿਧਾਨ ਵਿਚ ਦਰਜ ਕੀਤੇ ਗਏ ਹਨ, ਦੀ ਸੂਚੀ ਬਣਾਓ ਅਤੇ ਸੰਖੇਪ ਵਿਚ ਵਿਵੇਚਨਾ ਕਰੋ ।